## ਪਾਠ 14

# ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ (ONE WORD FOR A GROUP OF WORDS)

| | |
|---|---|
| 1. ਜੋ ਚੰਗੀ ਤਰ੍ਹਾਂ ਭਰਿਆ ਨਾ ਹੋਵੇ। | ਊਣਾ |
| 2. ਜੋ ਸਹਾਰਿਆ ਨਾ ਜਾ ਸਕੇ। | ਅਸਹਿ |
| 3. ਜਿਹੜਾ ਪਾਠ ਮੁੱਢ ਤੋਂ ਅਖੀਰ ਤੱਕ ਲਗਾਤਾਰ ਕੀਤਾ ਜਾਵੇ। | ਅਖੰਡ ਪਾਠ |
| 4. ਜਿਸ ਪਾਠ ਦੇ ਭੋਗ ਲਈ ਖ਼ਾਸ ਮਿਆਦ ਨਿਯਤ ਨਾ ਹੋਵੇ। | ਖੁਲ੍ਹਾ ਪਾਠ |
| 5. ਪਹਿਲਵਾਨਾਂ ਦੇ ਕਸਰਤ ਕਰਨ ਦੀ ਥਾਂ। | ਅਖਾੜਾ |
| 6. ਜਿਹੜਾ ਪੜ੍ਹ ਲਿਖ ਨਾ ਸਕੇ। | ਅਨਪੜ੍ਹ |
| 7. ਜਿਸ ਨੂੰ ਗਿਆਨ ਦੀ ਪ੍ਰਾਪਤੀ ਨਾ ਹੋਵੇ। | ਅਗਿਆਨੀ |
| 8. ਜੋ ਜਿੱਤਿਆ, ਹਾਰਿਆ ਨਾ ਜਾ ਸਕੇ। | ਅਜਿੱਤ |
| 9. ਜੋ ਅੱਜ ਕਲ੍ਹ ਦੇ ਸਮੇਂ ਦਾ ਹੋਵੇ। | ਅਜੋਕਾ |
| 10. ਬੱਸਾਂ ਟਾਂਗਿਆਂ ਆਦਿ ਦੇ ਠਹਿਰਨ ਦੀ ਥਾਂ। | ਅੱਡਾ |
| 11. ਜੋ ਹੋਰਨਾਂ ਦੇ ਮਨਾਂ ਦੀ ਗੱਲ ਜਾਣ-ਬੁਝ ਸਕੇ। | ਅੰਤਰਜਾਮੀ |
| 12. ਜੋ ਕਦੇ ਥੱਕੇ ਨਾ। | ਅਣਥੱਕ |
| 13. ਜਿਸ ਤੋਂ ਗਲਤੀਆਂ ਹੋ ਜਾਂਦੀਆਂ ਹੋਣ। | ਭੁਲਣਹਾਰ |
| 14. ਜਿਹੜਾ ਕਦੇ ਮਿੱਟ ਨਾ ਸਕੇ। | ਅਮਿੱਟ |
| 15. ਰੱਬ ਨੂੰ ਮੰਨਣ ਵਾਲਾ। | ਆਸਤਕ |
| 16. ਰੱਬ ਨੂੰ ਨਾ ਮੰਨਣ ਵਾਲਾ। | ਨਾਸਤਕ |
| 17. ਹਵਨ ਵਿੱਚ ਪਾਉਣ ਦੀ ਸਮੱਗਰੀ। | ਆਹੂਤੀ |
| 18. ਜਿਸ ਦਾ ਪੁੱਤ-ਧੀ ਨਾ ਹੋਵੇ। | ਔਂਤਰਾ, |
| 19. ਜਿਸ ਦੇ ਘਰ ਪੁੱਤ-ਧੀ ਹੋਵੇ। | ਸੌਂਤਰਾ |
| 20. ਜਦੋਂ ਮੀਂਹ ਬਹੁਤੇ ਚਿਰ ਤੱਕ ਨਾ ਪਵੇ। | ਔੜ |
| 21. ਵਹੁਟੀ ਜਾਂ ਪਤੀ ਦੀ ਮਾਤਾ। | ਸੱਸ |
| 22. ਵਹੁਟੀ ਜਾਂ ਪਤੀ ਦਾ ਪਿਤਾ। | ਸਹੁਰਾ |
| 23. ਦੋ ਤੋਂ ਵਧੀਕ ਗਾਉਣ ਵਾਲਿਆਂ ਦਾ ਰਲ ਕੇ ਗਾਇਆ ਗੀਤ। | ਸਹਿਗਾਨ |
| 24. ਸੰਗੀਤ ਦੀ ਰਚਨਾ ਕਰਨ ਵਾਲਾ। | ਸੰਗੀਤਕਾਰ |
| 25. ਜੋ ਸਭ ਥਾਈਂ ਮੌਜੂਦ ਹੋਵੇ। | ਸਰਵ-ਵਿਆਪਕ |
| 26. ਉਹ ਇਸਤਰੀ ਜਿਸ ਨੂੰ ਪਤੀ ਨੇ ਛੱਡ ਦਿੱਤਾ ਹੋਵੇ। | ਛੁੱਟੜ |

| | | |
|---|---|---|
| 27. | ਉਹ ਇਸਤਰੀ ਜਿਸ ਦਾ ਪਤੀ ਜਿਉਂਦਾ ਹੋਵੇ | ਸੁਹਾਗਣ |
| 28. | ਪਤੀ ਦੀ ਦੂਜੀ ਵਹੁਟੀ। | ਸੌਕਣ |
| 29. | ਜਿਹੜਾ ਪਸ਼ੂ ਰੱਜ ਕੇ ਪੱਠੇ ਖਾਵੇ | ਚਾਰੂ |
| 30. | ਜਿਹੜਾ ਪਸ਼ੂ ਘੱਟ ਪੱਠੇ ਖਾਵੇ। | ਕਮਚਾਰੂ |
| 31. | ਜਿਹੜਾ ਬੰਦਾ ਕੰਮ ਤੋਂ ਜੀ ਚੁਰਾਵੇ। | ਕੰਮਚੋਰ |
| 32. | ਚਾਰ ਪੈਰਾਂ ਵਾਲਾ ਜਾਨਵਰ। | ਚੁਪਾਇਆ |
| 33. | ਉਹ ਥਾਂ ਜਿੱਥੇ ਚਾਰ ਰਸਤੇ ਮਿਲਦੇ ਹੋਣ। | ਚੁਰਸਤਾ, ਚੌਕ |
| 34. | ਉਹ ਥਾਂ ਜਿੱਥੇ ਕਿਤਾਬਾਂ, ਅਖ਼ਬਾਰਾਂ ਛਾਪਣ ਦਾ ਕੰਮ ਹੋਵੇ। | ਛਾਪਾ ਖ਼ਾਨਾ |
| 35. | ਦਵਾਖਾਨੇ ਵਿੱਚ ਦਵਾ ਬਣਾ ਕੇ ਦੇਣ ਵਾਲਾ। | ਕੰਪੋਡਰ |
| 36. | ਜੋ ਪੰਚਾਇਤ ਦਾ ਮੁਖੀ ਹੋਵੇ। | ਸਰਪੰਚ |
| 37. | ਜਿੱਥੇ ਰੁਪਏ ਘੜੇ ਜਾਣ। | ਟਕਸਾਲ |
| 38. | ਜਿੱਥੇ ਘੋੜੇ ਬੰਨ੍ਹੇ ਜਾਣ। | ਤਬੇਲਾ |
| 39. | ਜੋ ਬੱਚਾ ਤਰੱਕੀ ਕਰਨ ਵਾਲਾ ਹੋਵੇ। | ਹੋਣਹਾਰ |
| 40. | ਜਿਸ ਨਾਲ ਸਾਰੇ ਪਿਆਰ ਕਰਨ। | ਹਰਮਨ ਪਿਆਰਾ |
| 41. | ਇਕ ਉਮਰ ਦੇ। | ਹਾਣੀ |
| 42. | ਸ਼ਰਾਬ ਪੀਣ ਵਾਲਾ। | ਸ਼ਰਾਬੀ |
| 43. | ਦੁੱਧ ਵੇਚਣ ਵਾਲਾ। | ਦੋਧੀ |
| 44. | ਮਠਿਆਈਆਂ ਬਣਾਉਣ ਵਾਲਾ। | ਹਲਵਾਈ |
| 45. | ਪੈਦਲ ਸਫ਼ਰ ਕਰਨ ਵਾਲਾ। | ਪਾਂਧੀ |
| 46. | ਇੱਕੋ ਥਾਂ ਕੰਮ ਕਰਨ ਵਾਲੇ ਪੁਰਸ਼। | ਸਹਿਕਾਰੀ |
| 47. | ਜੋ ਸਭ ਸ਼ਕਤੀਆਂ ਦਾ ਮਾਲਕ ਹੋਵੇ। | ਸਰਵ-ਸ਼ਕਤੀਮਾਨ |
| 48. | ਪਿੰਡ ਵਿਚਲੀ ਸਾਂਝੀ ਥਾਂ। | ਸ਼ਾਮਲਾਟ |
| 49. | ਜਿਹੜੀ ਗੱਲ ਦੂਜਿਆਂ ਨਾਲ ਬੀਤੀ ਹੋਵੇ। | ਜੱਗਬੀਤੀ |
| 50. | ਕਵਿਤਾ ਲਿਖਣ ਵਾਲਾ। | ਕਵੀ। |

# ਅਭਿਆਸ (EXERCISE)

## ਵਸਤੂਨਿਸ਼ਟ ਪ੍ਰਸ਼ਨ (OBJECTIVE TYPE)

**ਪ੍ਰਸ਼ਨ 1.** 'ਉਹ ਥਾਂ ਜਿਹੜੀ ਸਾਰੇ ਪਿੰਡ ਦੀ ਸਾਂਝੀ ਹੋਵੇਂ ਉਸ ਲਈ ਹੇਠ ਲਿਖਿਆਂ ਵਿਚੋਂ ਠੀਕ ਸ਼ਬਦ ਚੁਣੋ:-

(ੳ) ਹਵੇਲੀ, (ਅ) ਨਿਆਈ, (ੲ) ਸ਼ਾਮਲਾਟ।

**ਪ੍ਰਸ਼ਨ 2.** 'ਜਿਹੜਾ ਬਹੁਤੀਆਂ ਗੱਲਾਂ ਕਰੇ' ਉਸ ਲਈ ਠੀਕ ਸ਼ਬਦ ਚੁਣੋ:-

(ੳ) ਗੁਣਗੁਣਾ (ਅ) ਗਾਲੜੀ (ੲ) ਹੋਣਹਾਰ।

**ਪ੍ਰਸ਼ਨ 3.** 'ਪਿਉ ਦਾਦੇ ਦੀ ਗੱਲ' ਲਈ ਸਹੀ ਇਕ ਸ਼ਬਦ ਦੀ ਚੋਣ ਕਰੋ:-

(ੳ) ਪਿਤਾ- ਪੁਰਖੀ (ਅ) ਪਰਿਵਾਰਿਕ, (ੲ) ਦਾਦਕੇ ।

**ਪ੍ਰਸ਼ਨ 4.** 'ਹੇਠ ਲਿਖਿਆਂ ਵਿਚ ਠੀਕ ਸ਼ਬਦ ਚੁਣੋ- 'ਜੋ ਰੱਬ ਨੂੰ ਮੰਨੇ ' :-

(ੳ) ਆਸਤਕ (ਅ) ਧਰਮਾਤਮਾ (ੲ) ਨਾਸਤਕ।

**ਪ੍ਰਸ਼ਨ 5.** 'ਜਦੋਂ ਕਾਲ ਪਿਆ ਹੋਵੇ' ਤਾਂ ਉਸ ਲਈ ਕਿਹੜਾ ਸ਼ਬਦ ਚੁਣੋਗੇ:-

(ੳ) ਸੋਕਾ, (ਅ) ਭੁੱਖ -ਮਰੀ, (ੲ) ਮਹਾਂਮਰੀ।

**ਪ੍ਰਸ਼ਨ 6.** 'ਗੁੱਝੇ ਭੇਦਾਂ ਨੂੰ ਪਾਉਣ ਵਾਲੇ' ਲਈ ਇਕ ਸ਼ਬਦ ਚੁਣੋ:-

(ੳ) ਪੱਤਰਕਾਰ, (ਅ) ਸੂਹੀਆ (ੲ) ਭੇਤੀ।

**ਪ੍ਰਸ਼ਨ 7.** 'ਪੁੱਤਰ' ਜਾਂ ਧੀ ਦੇ ਸਹੁਰੇਂ ' ਲਈ ਇਕ ਸ਼ਬਦ ਚੁਣੋ:-

(ੳ) ਮਾਸੜ, (ਅ) ਭਰਾ, (ੲ) ਕੁੜਮ।

**ਪ੍ਰਸ਼ਨ 8.** ਜੋ ਸਭ ਥਾਈਂ ਮੌਜੂਦ ਹੋਵੇਂ ਲਈ ਹੇਠ ਲਿਖਿਆਂ ਵਿਚੋਂ ਕਿਹੜਾ ਇਕ ਸ਼ਬਦ ਠੀਕ ਹੈ:-

(ੳ) ਸਰਵ ਸ਼ਕਤੀਮਾਨ (ਅ) ਸਰਵ ਸਾਂਝਾ (ੲ) ਸਰਵ ਵਿਆਪਕ।

**ਪ੍ਰਸ਼ਨ 9.** 'ਉਹ ਥਾਂ ਜਿਥੇ ਘੋੜੇ ਬੱਝਦੇ ਹੋਣ' ਇਸ ਵਾਕ ਲਈ ਇਕ ਸ਼ਬਦ ਲਿਖੋ। ਤਬੇਲਾ

**ਪ੍ਰਸ਼ਨ 10.** 'ਜਿਹੜਾ ਜਿੱਤਿਆ ਨਾ ਜਾ ਸਕੇ' ਇਸ ਲਈ ਇਕ ਸ਼ਬਦ ਲਿਖੋ।

1. ਉੱਚੀ ਸੁਣਨ ਵਾਲਾ। ਬੋਲਾ
2. ਜਿਹੜਾ ਧਰਮ ਨੂੰ ਨਾ ਮੰਨੇ। ਅਧਰਮੀ
3. ਜਿਹੜਾ ਜਿੱਤਿਆ ਨਾ ਜਾ ਸਕੇ। ਅਜਿੱਤ
4. ਜੋ ਕਿਸੇ ਦਾ ਕੀਤਾ ਅਹਿਸਾਨ ਨਾ ਜਾਣੇ। ਅਕ੍ਰਿਤਘਣ
5. ਉਹ ਥਾਂ ਜਿੱਥੇ ਦੋ ਦਰਿਆ ਮਿਲਦੇ ਹੋਣ। ਸੰਗਮ

6. ਜਿਹੜਾ ਕਦੇ ਨਾ ਮੁੱਕੇ। ........ ਅਮੁੱਕ
7. ਜਿਹੜਾ ਕੰਮ-ਕਾਰ ਨਾ ਕਰੇ। ........ ਨਿਕੰਮਾ / ਵਿਹਲੜ
8. ਇੱਕੋ ਸਮੇਂ ਜੰਮੇ ਦੋ ਬੱਚੇ। ........ ਜੌੜੇ
9. ਜੋ ਜੇਠ ਦੀ ਵਹੁਟੀ ਹੋਵੇ। ........ ਜਠਾਣੀ
10. ਵਰਖਾ ਤੋਂ ਬਚਾਉ ਕਰਨ ਵਾਲਾ ਕੋਟ। ........ ਰੇਨ-ਕੋਟ
11. ਪੰਜਾਬ ਦਾ ਵਸਨੀਕ। ........ ਪੰਜਾਬੀ
12. ਜਿਸ ਦਾ ਵਿਆਹ ਨਾ ਹੋਇਆ ਹੋਵੇ। ........ ਕੁਆਰਾ
13. ਪੰਜਾਬ ਦੀ ਵਸਨੀਕ ਕੁੜੀ। ........ ਪੰਜਾਬਣ
14. ਮਿੱਟੀ ਦੇ ਭਾਂਡੇ ਬਣਾਉਣ ਵਾਲਾ। ........ ਘੁਮਿਆਰ
15. ਕਵਿਤਾ ਲਿਖਣ ਵਾਲਾ। ਵਾਲੀ। ........ ਕਵੀ / ਕਵਿਤਰੀ

**ਪ੍ਰਸ਼ਨ 3. ਹੇਠ ਦਿੱਤੇ ਵਾਕਾਂ ਵਿੱਚ ਮੋਟੇ ਸ਼ਬਦਾਂ ਦੀ ਥਾਂ ਇਕ ਸ਼ਬਦ ਵਰਤੋਂ :-**

1. **ਚੂੜੀਆਂ ਵੇਚਣ ਵਾਲਾ ਗਲੀ** ਵਿੱਚ ਆਇਆ। – ਵਣਜਾਰਾ
2. **ਜੋ ਆਦਮੀ ਦੁਨੀਆਂ ਨਾਲੋਂ ਸੰਬੰਧ** ਤੋੜ ਲਵੇ ਜੰਗਲਾਂ ਵਿੱਚ ਤੁਰ ਜਾਂਦਾ ਹੈ। ਸੰਨਿਆਸੀ
3. **ਜੋ ਆਦਮੀ ਰੱਬ ਨੂੰ ਨਾ ਮੰਨੇ,** ਉਸਨੂੰ ਸਾਰੇ ਸਵਾਰਥੀ ਆਖਦੇ ਹਨ। – ਨਾਸਤਕ
4. **ਜਿਹੜਾ ਧਰਮ ਨੂੰ ਨਾ ਮੰਨੇ**, ਉਸਨੂੰ ਸਾਰੇ ਭੈੜਾ ਆਖਦੇ ਹਨ। ਅਧਰਮੀ
5. **ਜਿਸ ਥਾਂ ਚਾਰੇ ਪਾਸੇ ਰਾਹ ਨਿਕਲਦੇ ਹੋਣ**, ਉੱਥੇ ਲੋਕ ਖੜੇ ਰਹਿੰਦੇ ਹਨ। ਚੁਰਸਤਾ
6. ਅੱਜ ਰਾਤ ਬੀਬੀ ਦੇ **ਜੇਠ ਦਾ ਪੁੱਤਰ** ਆਇਆ ਹੈ।
7. **ਕੰਮ ਨਾ ਕਰਨ ਵਾਲੇ** ਦੀ ਕੋਈ ਕਦਰ ਨਹੀਂ ਕਰਦਾ। ਕੰਮਚੋਰ
8. ਹਰਿਪ੍ਰੀਤ ਦੀ **ਵਹੁਟੀ ਦੀ ਮਾਂ ਦੀ ਮਾਂ** ਬਹੁਤ ਕੁਪੱਤੀ ਹੈ।
9. ਉਸ ਜ਼ਮੀਨ ਦਾ ਕੋਈ ਲਾਭ ਨਹੀਂ ਜਿੱਥੇ **ਕੁਝ ਨਹੀਂ ਉੱਗਦਾ।**
10. ਸਾਡੇ ਸਕੂਲ ਦਾ **ਸਭ ਤੋਂ ਵੱਡਾ ਮਾਸਟਰ** ਬਹੁਤ ਨੇਕ ਹੈ। ਹੈੱਡ-ਮਾਸਟਰ
11. **ਜੂਆ ਖੇਡਣ ਵਾਲਾ** ਪੁਲਿਸ ਤੋਂ ਡਰਦਾ ਹੈ। ਜੁਆਰੀ
12. **ਚੁਗਲੀਆਂ ਕਰਨ ਵਾਲੇ** ਦੀ ਕੋਈ ਇੱਜ਼ਤ ਨਹੀਂ ਕਰਦਾ। ਚੁਗਲਖੋਰ
13. **ਨਾਟਕ ਕਰਨ ਵਾਲੇ** ਤਿਆਰ ਹੋ ਰਹੇ ਹਨ। ਕਲਾਕਾਰ
14. **ਪਾਠ ਕਰਨ ਵਾਲੇ** ਪਾਠ ਕਰਨ ਆ ਗਏ ਹਨ ਪਾਠੀ
15. ਕਿਸੇ ਤੋਂ ਬਿਨਾਂ **ਮਜ਼ਦੂਰੀ ਕੰਮ ਕਰਵਾਉਣਾ** ਪਾਪ ਹੈ। ਵਗਾਰ

**ਪ੍ਰਸ਼ਨ 4. ਹੇਠ ਲਿਖੇ ਸ਼ਬਦਾਂ ਦੇ ਅਰਥ ਦਸ ਕੇ ਵਾਕਾਂ ਵਿੱਚ ਵਰਤੋ-**

ਪਤਵੰਤਾ, ਆਫ਼ਤ, ਆਧੁਨਿਕ, ਪ੍ਰਸੰਨਤਾ, ਸੁੱਘੜ, ਯੋਜਨਾ, ਅਤਿਆਚਾਰ, ਭਰਪੂਰ, ਦਿਹਾੜਾ, ਸਰਮਾਇਆ, ਘ੍ਰਿਣਾ, ਚੁਗਲਖੋਰ, ਨੇਤਰ, ਬਾਨੀ।

1. **ਪਤਵੰਤਾ** (ਇੱਜ਼ਤਦਾਰ)- ਅਮਰਜੀਤ ਇਕ **ਪਤਵੰਤਾ** ਬੰਦਾ ਹੈ।
2. **ਆਫ਼ਤ** (ਮੁਸੀਬਤ)- ਹਰ **ਆਫ਼ਤ** ਦਾ ਹੱਲ ਹੁੰਦਾ ਹੈ।
3. **ਆਧੁਨਿਕ** (ਨਵੀਨ, ਅਜੋਕਾ)- ਰੰਗੀਨ ਟੀ.ਵੀ. ਵਿਗਿਆਨ ਦੀ ਇਕ **ਆਧੁਨਿਕ** ਕਾਢ ਹੈ।
4. **ਪ੍ਰਸੰਨਤਾ** (ਖੁਸ਼ੀ)-ਮੈਨੂੰ ਗਰੀਬ ਦੀ ਸਹਾਇਤਾ ਕਰਕੇ **ਪ੍ਰਸੰਨਤਾ** ਮਿਲਦੀ ਹੈ।
5. **ਸੁੱਘੜ** (ਸਿਆਣੀ)-ਸੁਖਵਿੰਦਰ ਇਕ **ਸੁੱਘੜ** ਮੁਟਿਆਰ ਹੈ।
6. **ਯੋਜਨਾ** (ਸਕੀਮ)-ਮੈਂ ਪਾਸ ਹੋਣ ਦੀ ਇਕ **ਯੋਜਨਾ** ਬਣਾਈ ਹੈ।
7. **ਅਤਿਆਚਾਰ** (ਜ਼ੁਲਮ)-ਅੰਗਰੇਜ਼ਾਂ ਨੇ ਭਾਰਤੀਆਂ ਉਤੇ ਬੜੇ **ਅਤਿਆਚਾਰ** ਕੀਤੇ।
8. **ਭਰਪੂਰ** (ਭਰਿਆ ਹੋਇਆ)- ਦੇਵੀ ਤਲਾਬ ਪਾਣੀ ਨਾਲ **ਭਰਪੂਰ** ਹੈ।
9. **ਦਿਹਾੜਾ** (ਦਿਨ)-ਅੱਜ ਮੇਰਾ ਜਨਮ **ਦਿਹਾੜਾ** ਹੈ।
10. **ਸਰਮਾਇਆ** (ਪੂੰਜੀ)-ਥੋੜੇ **ਸਰਮਾਏ** ਨਾਲ ਕਾਰੋ-ਬਾਰ ਨਹੀਂ ਚੱਲਦਾ।
11. **ਘ੍ਰਿਣਾ** (ਨਫ਼ਰਤ)-ਅਮੀਰਾਂ ਨੂੰ ਗਰੀਬਾਂ ਨਾਲ **ਘ੍ਰਿਣਾ** ਨਹੀਂ ਕਰਨੀ ਚਾਹੀਦੀ।
12. **ਦ੍ਰਿੜ** (ਪੱਕਾ)-ਮੈਂ ਪਾਸ ਹੋਣ ਦਾ **ਦ੍ਰਿੜ** ਇਰਾਦਾ ਕਰ ਲਿਆ ਹੈ।

**ਪ੍ਰਸ਼ਨ 5. ਹੇਠ ਲਿਖੇ ਵਾਕਾਂ ਵਿਚੋਂ ਮੋਟੇ ਸ਼ਬਦਾਂ ਦੇ ਅਰਥ ਲਿਖੋ:-**

1. ਸੋਹਣ ਨੂੰ ਵਪਾਰ ਵਿਚ ਅੰਨ੍ਹੀ **ਖੱਟੀ** ਹੈ। ਆਮਦਨ/ ਕਮਾਈ
2. **ਪ੍ਰਭਾਤ** ਵੇਲੇ ਸੈਰ ਕਰੋ। ਸਵੇਰ
3. ਡਾਕੂਆਂ ਨੇ ਸਿਪਾਹੀ ਦੀ **ਹੱਤਿਆ** ਕਰ ਦਿੱਤੀ ਮਾਰ ਦੇਣਾ/ਕਤਲ ਕਰਨਾ
4. ਮਿੱਟੀ ਦੇ ਬਰਤਨ ਬਣਾਉਣਾ ਵੀ ਇਕ **ਹੁਨਰ** ਹੈ। ਕਲਾ
5. ਮਿਹਨਤ ਸਫ਼ਲਤਾ ਦੀ **ਕੁੰਜੀ ਹੈ।** ਰਾਜ਼
6. ਅੱਜ ਦਾ ਯੁੱਗ **ਵਿਗਿਆਨ ਦਾ ਯੁੱਗ ਹੈ।** ਸਾਇੰਸ
7. ਹਰਿਪ੍ਰੀਤ ਹਾਲੇ **ਨਾਦਾਨ ਹੈ।** ਨਾ ਸਮਝ
8. ਮੈਂ ਆਪਣੇ ਆਉਣ ਦੀ **ਸੂਚਨਾ ਆਪਣੇ ਪਿਤਾ ਨੂੰ ਦਿੱਤੀ।** ਜਾਣਕਾਰੀ
9. ਕਿਰਤੀ **ਕਿਰਤ ਕਰ ਰਿਹਾ ਹੈ।** ਮਿਹਨਤ/ ਕੰਮ
10. ਆਕਾਸ਼ ਵਿੱਚ **ਅਣਗਿਣਤ ਤਾਰੇ ਹਨ।** ਨਾ ਗਿਣਨਯੋਗ